# ਗੁਰੂ ਨਾਨਕ ਬਾਣੀ ਵਿੱਚ ਭਗਤੀ ਦਾ ਸੰਕਲਪ

**ਡਾ. ਸੋਨਦੀਪ ਮੋਂਗਾ**
ਪ੍ਰੋਫੈਸਰ ਅਤੇ ਮੁਖੀ,
ਸੰਨੀ ਓਬਰਾਏ ਵਿਵੇਕ ਸਦਨ: ਐਡਵਾਂਸ ਇੰਸਟੀਚਿਊਟ ਆਫ਼ ਸੋਸ਼ਲ ਸਾਇੰਸਜ਼,
ਸ੍ਰੀ ਅਨੰਦਪੁਰ ਸਾਹਿਬ

**ਅਮੂਰਤ**

ਮਨੁੱਖ ਇਸ ਧਰਤੀ ਦਾ ਅਨੋਖਾ ਜੀਵ ਹੈ ਜਿਸ ਦਾ ਮਨ ਚੰਚਲਤਾ ਦੀ ਸਿਖਰ ਹੈ। ਇਹੀ ਵਿਚਲਿਤ ਮਨ ਉਸ ਤੋਂ ਪਰਮਾਤਮਾ ਦੇ ਅੰਸ਼ ਹੋਣ ਦਾ ਅਨੁਭਵ ਖੋਹ ਲੈਂਦਾ ਹੈ। ਇਹ ਇੱਕ ਐਸਾ ਅਨੁਭਵ ਹੈ ਜੋ ਸੰਸਾਰੀ ਮਾਇਆ ਦੇ ਭਰਮ ਸਿਰਜਦਾ ਹੈ ਪਰੰਤੂ ਮਨੁੱਖ ਜੇ ਇਹੀ ਅਨੁਭਵ ਨੂੰ ਆਤਮ ਮਨ ਨਾਲ ਪਰਮਾਤਮ ਮਨ ਬਣਾਉਣ ਵਿੱਚ ਸਫ਼ਲ ਹੋ ਜਾਵੇ ਜਾਂ ਇੰਝ ਕਿਹਾ ਜਾ ਸਕਦਾ ਹੈ ਕਿ ਇਸ ਦਾ ਅਭਿਆਸ ਮਾਤਰ ਹੀ ਭਗਤੀ ਭਾਵਨਾ ਹੈ। ਭਾਰਤੀ ਦਰਸ਼ਨ ਸ਼ਾਸਤਰ ਦਾ ਆਧਾਰ ਹੀ ਭਗਤੀ ਭਾਵ ਹੈ ਇਸ ਲਈ ਮੁੱਢਲਾ ਸਾਹਿਤ ਜ਼ਿਆਦਾਤਰ ਭਗਤੀ ਸਾਹਿਤ ਹੀ ਰਿਹਾ ਕਿਉਂਕਿ ਇਹਨਾਂ ਅਨੋਖੇ ਅਨੁਭਵਾਂ ਦੀ ਖਾਨ ਅਤੇ ਖੋਜ ਨੂੰ ਆਉਣ ਵਾਲੀਆਂ ਨਸਲਾਂ ਤੱਕ ਪਹੁੰਚਾਣ ਦਾ ਕੰਮ ਸਾਹਿਤ ਅਤੇ ਸੰਗੀਤ ਕਰ ਸਕਦਾ ਸੀ। ਭਗਤੀ ਧਾਰਾਵਾਂ ਅਤੇ ਸਾਰੇ ਮਹਾਂਪੁਰਸ਼ਾਂ ਨੇ ਭਗਤੀ ਸਾਹਿਤ ਨੂੰ ਆਪਣੇ ਪ੍ਰਚਾਰ ਪਾਸਾਰ ਦਾ ਮਾਧਿਅਮ ਬਣਾਇਆ। ਵੇਦ ਮੰਤਰਾਂ ਵਿੱਚ ਦੇਵ ਭਗਤੀ ਅਤੇ ਪਰਮਾਤਮ ਭਗਤੀ ਨੂੰ ਮੌਲਿਕ ਰੂਪ ਵਿੱਚ ਬਿਆਨ ਕੀਤਾ ਗਿਆ ਹੈ। ਮੱਧਕਾਲੀਨ ਭਗਤੀ ਸਾਹਿਤ ਨੂੰ ਇਹਨਾਂ ਸਮੁੱਚੀਆਂ ਧਾਰਮਿਕ ਪਰੰਪਰਾਵਾਂ ਅਤੇ ਸੰਪਰਦਾਵਾਂ ਨੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਪ੍ਰਭਾਵਿਤ ਕੀਤਾ। ਇਸੇ ਤਰ੍ਹਾਂ ਸਿੱਖ ਧਰਮ ਦੇ ਗੁਰੂ ਸਾਹਿਬਾਨਾਂ ਦੀ ਬਾਣੀ 'ਗੁਰਮਤਿ ਸਾਹਿਤ' ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸੰਕਲਿਤ ਹੈ ਜੋ ਸਮੁੱਚੇ ਭਾਰਤ ਦੇ ਭਗਤ ਗੁਰੂਆਂ ਦੀਆਂ ਪਾਵਨ ਭਗਤੀ ਭਾਵਨਾਵਾਂ ਦਾ ਮਹਾਂਸਾਗਰ ਹੈ। ਗੁਰੂ ਨਾਨਕ ਨੇ ਇਸ ਭਗਤੀ ਯੁਗ ਸਾਹਿਤ ਦੀ ਨੀਂਹ ਆਪਣੀ ਮਧੁਰ ਗੁਰਬਾਣੀ ਦੁਆਰਾ ਰੱਖੀ।

**ਕੁੰਜੀ ਸ਼ਬਦ :** ਭਾਰਤੀ ਦਰਸ਼ਨ, ਭਗਤੀ ਸੰਪ੍ਰਦਾਇ, ਗੁਰੂ ਨਾਨਕ ਬਾਣੀ।

ਮਨੁੱਖ ਇਸ ਧਰਤੀ ਦਾ ਅਨੋਖਾ ਜੀਵ ਹੈ ਜਿਸ ਦਾ ਮਨ ਚੰਚਲਤਾ ਦੀ ਸਿਖਰ ਹੈ। ਇਹੀ ਵਿਚਲਿਤ ਮਨ ਉਸ ਤੋਂ ਪਰਮਾਤਮਾ ਦੇ ਅੰਸ਼ ਹੋਣ ਦਾ ਅਨੁਭਵ ਖੋਹ ਲੈਂਦਾ ਹੈ। ਇਹ ਇੱਕ ਐਸਾ ਅਨੁਭਵ ਹੈ ਜੋ ਸੰਸਾਰੀ ਮਾਇਆ ਦੇ ਭਰਮ ਸਿਰਜਦਾ ਹੈ ਪਰੰਤੂ ਮਨੁੱਖ ਜੇ ਇਹੀ ਅਨੁਭਵ ਨੂੰ ਆਤਮ ਮਨ ਨਾਲ ਪਰਮਾਤਮ ਮਨ ਬਣਾਉਣ ਵਿੱਚ ਸਫ਼ਲ ਹੋ ਜਾਵੇ ਜਾਂ ਇੰਝ ਕਿਹਾ ਜਾ ਸਕਦਾ ਹੈ ਕਿ ਇਸ ਦਾ ਅਭਿਆਸ ਮਾਤਰ ਹੀ ਭਗਤੀ ਭਾਵਨਾ ਹੈ। ਮਨੁੱਖੀ ਜੀਵਨ ਨੂੰ ਸਧਿਆ ਹੋਇਆ ਰੱਖਣ ਲਈ ਇਹ ਅਨੁਭਵ ਆਵਸ਼ਕ ਹੈ। ਇਸ਼ਟ ਦੇ ਸਰੂਪ ਵਜੋਂ ਭਗਤੀ ਦੋ ਤਰ੍ਹਾਂ ਦੀ ਹੁੰਦੀ ਹੈ ਨਿਰਗੁਣ ਅਤੇ ਸਰਗੁਣ। ਨਿਰਗੁਣ ਭਗਤੀ ਦਾ ਸੰਬੰਧ ਨਿਰਾਕਾਰ ਬ੍ਰਹਮ ਨਾਲ ਹੈ ਅਤੇ ਸਰਗੁਣ ਭਗਤੀ ਸਾਕਾਰ ਪਰਮਾਤਮ ਸਰੂਪ, ਨਾਮ, ਗੁਣ, ਲੀਲਾ ਆਦਿ ਨਾਲ ਸੰਬੰਧਿਤ ਹੈ। ਮਨੋਵੇਗ ਅਤੇ ਇਸ ਦੀ ਗਤੀ ਦਾ ਅਭੇਦ ਰੂਪ ਹੀ ਪਰਮਾਤਮਾ ਪ੍ਰਤੀ ਭਾਵਨਾ ਅਤੇ ਪ੍ਰੇਮ ਹੈ ਇਹ ਨਿਰਗੁਣ ਭਗਤੀ ਦਾ ਲੱਛਣ ਹੈ ਅਤੇ ਗੁਣ ਭੇਦਾਂ ਸਹਿਤ ਭਗਤੀ ਹੀ ਸਰਗੁਣ ਭਗਤੀ ਹੈ। ਜਿਸ ਨਾਲ ਕਈ ਤਰ੍ਹਾਂ ਦੀ ਵਿਧੀ-ਵਿਧਾਨ ਵੀ ਜੁੜੇ ਹੋਏ ਹਨ। ਵੈਸੇ ਤਾਂ ਇਹ ਅਨੁਭਵ ਵਿਅਕਤੀਗਤ ਹੁੰਦਾ ਹੈ ਪਰੰਤੂ ਧਰਮ ਦਰਸ਼ਨ ਤੇ ਸਾਹਿਤ ਦੇ ਹਵਾਲੇ ਨਾਲ ਇਹਨਾਂ ਭਗਤੀ ਭਾਵਾਂ ਦੀ ਵਿਆਖਿਆ ਸੰਭਵ ਹੋ ਸਕੀ ਹੈ।

ਭਾਰਤੀ ਦਰਸ਼ਨ ਸ਼ਾਸਤਰ ਦਾ ਆਧਾਰ ਹੀ ਭਗਤੀ ਭਾਵ ਹੈ ਇਸ ਲਈ ਮੁੱਢਲਾ ਸਾਹਿਤ ਜ਼ਿਆਦਾਤਰ ਭਗਤੀ ਸਾਹਿਤ ਹੀ ਰਿਹਾ ਕਿਉਂਕਿ ਇਹਨਾਂ ਅਨੋਖੇ ਅਨੁਭਵਾਂ ਦੀ ਖਾਨ ਅਤੇ ਖੋਜ ਨੂੰ ਆਉਣ ਵਾਲੀਆਂ ਨਸਲਾਂ ਤੱਕ ਪਹੁੰਚਾਣ ਦਾ ਕੰਮ ਸਾਹਿਤ ਅਤੇ ਸੰਗੀਤ ਕਰ ਸਕਦਾ ਸੀ। ਭਗਤੀ ਧਾਰਾਵਾਂ ਅਤੇ ਸਾਰੇ ਮਹਾਂਪੁਰਸ਼ਾਂ ਨੇ ਭਗਤੀ ਸਾਹਿਤ ਨੂੰ ਆਪਣੇ ਪ੍ਰਚਾਰ ਪਾਸਾਰ ਦਾ ਮਾਧਿਅਮ ਬਣਾਇਆ। ਵੇਦ ਮੰਤਰਾਂ ਵਿੱਚ ਦੇਵ ਭਗਤੀ ਅਤੇ ਪਰਮਾਤਮ ਭਗਤੀ ਨੂੰ ਮੌਲਿਕ ਰੂਪ ਵਿੱਚ ਬਿਆਨ ਕੀਤਾ ਗਿਆ ਹੈ। ਵੇਦਾਂ ਵਿੱਚ ਭਗਤੀ ਸਾਧਨਰੂਪਾ ਹੈ, ਉਸ ਭਗਤੀ ਦਾ ਸਧਿਆ ਹੋਇਆ ਉਦੇਸ਼ ਸਵਰਗ ਹੈ। ਇਸ ਦੇ ਅੰਤਰਗਤ

ਭਗਤੀਪੂਰਨ ਸੰਪੰਨ ਕੀਤਾ ਗਿਆ ਯੱਗ ਆਦਿਕ ਅਤੇ ਯੱਗ ਦੁਆਰਾ ਕੀਤੀ ਦੇਵ ਅਰਾਧਨਾ ਤੇ ਤ੍ਰਿਪਤੀ ਸਵਰਗ ਪ੍ਰਾਪਤੀ ਦਾ ਸਾਧਨ ਹੈ।[1] ਇਸੇ ਤਰ੍ਹਾਂ ਗੀਤਾ ਸਾਰ ਨੂੰ ਵੀ ਭਗਤੀ ਭਾਵਨਾ ਦਾ ਆਧਾਰ ਮੰਨਿਆ ਗਿਆ। ਇਸ ਨੂੰ ਸ਼ਾਸਤਰ, ਗਿਆਨ ਅਤੇ ਕਰਮ ਤੋਂ ਉੱਤਮ ਘੋਸ਼ਿਤ ਕਰਦੇ ਹੋਏ ਪਾਪੀਆਂ ਦਾ ਉਧਾਨ ਕਰਨ ਵਾਲਾ ਮੰਨਿਆ ਗਿਆ ਹੈ।[2] ਭਗਤੀ ਸਾਹਿਤ ਦੇ ਵਿਕਾਸ ਅਤੇ ਸਵਰੂਪ ਨਿਰਧਾਰਣ ਕਰਨ ਲਈ ਸ਼ਾਂਡਿਲਇਆ-ਸੂਤਰ ਅਤੇ ਨਾਰਦ ਭਗਤੀ-ਸੂਤਰ ਦਾ ਮਹੱਤਵਪੂਰਨ ਸਥਾਨ ਹੈ। ਪੁਰਾਣਾਂ ਦੇ ਮੰਤਰ ਲੱਛਣਾਂ ਵਿੱਚ ਭਗਤੀ ਨਿਰੂਪਣ ਭਲੇ ਹੀ ਸ਼ਾਮਿਲ ਨਹੀਂ, ਪਰ ਆਸਤਿਕਤਾ ਅਤੇ ਅਵਤਾਰਵਾਦੀ ਭਾਵਨਾਵਾਂ ਨੂੰ ਉਜਾਗਰ ਕਰਦਿਆਂ ਇਹਨਾਂ ਭਗਤੀ ਪ੍ਰਸੰਗਾਂ ਦਾ ਨਿਕਾਸ ਹੋਇਆ। ਭਾਗਵਤ ਪੁਰਾਣ ਵਿੱਚ ਤਾਂ ਭਗਤੀ ਦੇ ਕਈ ਪ੍ਰਕਾਰਾਂ ਦੀ ਵਿਆਖਿਆ ਕੀਤੀ ਗਈ ਹੈ।[3] ਦੱਖਣੀ ਭਾਰਤ ਦੇ ਅਲਵਾਰ ਭਗਤਾਂ ਨੇ ਵੀ ਮਧੁਰ ਸੰਗੀਤਕ ਗੀਤਾਂ ਰਾਹੀਂ ਭਗਤੀ ਭਾਵਨਾ ਦੇ ਨਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਇਸੇ ਤਰ੍ਹਾਂ ਉੱਤਰੀ ਭਾਰਤ ਦੇ ਗਿਆਰਵੀਂ, ਬਾਰਵੀਂ ਅਤੇ ਤੇਰਵੀਂ ਸ਼ਤਾਬਦੀ ਦੇ ਕ੍ਰਮਵਾਰ: ਰਾਮਾਨੁਜ, ਨਿੰਬਾਰਕ ਅਤੇ ਸ਼ੰਕਰਾਚਾਰੀਆ ਦੇ ਅਦਵੈਤਵਾਦ ਅਤੇ ਮਾਇਆਵਾਦ ਦਾ ਆਪਣੇ-ਆਪਣੇ ਢੰਗ ਨਾਲ ਖੰਡਨ ਕਰਦੇ ਹੋਏ ਭਗਤੀ ਮਾਰਗ ਦੀ ਸਥਾਪਨਾ ਕੀਤੀ। ਅਨੇਕ ਧਾਰਮਿਕ ਸੰਪਰਦਾਵਾਂ ਵਿੱਚ ਵੀ ਭਗਤੀ ਨੂੰ ਕੇਂਦਰ ਵਿੱਚ ਵੇਖਿਆ ਗਿਆ ਹੈ ਜੋ ਕਾਲਾਂਤਰ ਨਾਲ ਉਨ੍ਹਾਂ ਸੰਪਰਦਾਵਾਂ ਦੀ ਸਾਹਿਤਕਤਾ ਦਾ ਆਧਾਰ ਬਣਿਆ ਜਿਵੇਂ ਇਸਲਾਮ ਧਰਮ ਵਿੱਚ ਭਗਤੀ ਵਜੋਂ ਇਬਾਦਤ ਨੂੰ ਹੀ ਉੱਤਮ ਮੰਨਿਆ ਗਿਆ ਇਸੇ ਤਰ੍ਹਾਂ ਈਸਾਈ ਮਤ ਅਤੇ ਮਸੀਹੀ ਧਰਮ ਵਿੱਚ ਪ੍ਰਭੂ ਯੀਸ਼ੂ ਨੇ ਭਗਤੀ ਨੂੰ ਪ੍ਰਾਥਮਿਕਤਾ ਦਿੱਤੀ।

ਮੱਧਕਾਲੀਨ ਭਗਤੀ ਸਾਹਿਤ ਨੂੰ ਇਹਨਾਂ ਸਮੁੱਚੀਆਂ ਧਾਰਮਿਕ ਪਰੰਪਰਾਵਾਂ ਅਤੇ ਸੰਪਰਦਾਵਾਂ ਨੇ ਪ੍ਰਤੱਖ ਅਤੇ ਅਪ੍ਰਤੱਖ ਰੂਪ ਵਿੱਚ ਪ੍ਰਭਾਵਿਤ ਕੀਤਾ। ਇਸੇ ਤਰ੍ਹਾਂ ਸਿੱਖ ਧਰਮ ਦੇ ਗੁਰੂ ਸਾਹਿਬਾਨਾਂ ਦੀ ਬਾਣੀ 'ਗੁਰਮਤਿ ਸਾਹਿਤ' ਗ੍ਰੰਥ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿੱਚ ਸੰਕਲਿਤ ਹੈ ਜੋ ਸਮੁੱਚੇ ਭਾਰਤ ਦੇ ਭਗਤ ਗੁਰੂਆਂ ਦੀਆਂ ਪਾਵਨ ਭਗਤੀ ਭਾਵਨਾਵਾਂ ਦਾ ਮਹਾਂਸਾਗਰ ਹੈ। ਗੁਰੂ ਨਾਨਕ ਨੇ ਇਸ ਭਗਤੀ ਯੁਗ ਸਾਹਿਤ ਦੀ ਨੀਂਹ ਆਪਣੀ ਮਧੁਰ ਗੁਰਬਾਣੀ ਦੁਆਰਾ ਰੱਖੀ। ਗੁਰੂ ਨਾਨਕ ਦੇਵ ਜੀ ਸਮਕਾਲੀ ਭਗਤੀ ਮਾਰਗ ਦੀਆਂ ਕਈ ਧਾਰਨਾਵਾਂ ਨੂੰ ਵੱਖਰੇ ਤੌਰ 'ਤੇ ਵਿਚਾਰਦੇ ਹਨ। ਗੁਰੂ ਜੀ ਭਗਤੀ ਦਾ ਨਿਕਾਸ ਦਵੈਤਵਾਦ ਨੂੰ ਸਵੀਕਾਰਦੇ ਹਨ। ਸਿਧਾਂਤਕ ਰੂਪ ਵਿੱਚ ਉਹਨਾਂ ਦਾ ਅਵਤਾਰਵਾਦ ਅਤੇ ਮੂਰਤੀਵਾਦ ਵਿੱਚ ਕੋਈ ਵਿਸ਼ਵਾਸ ਨਹੀਂ ਹੈ। ਨਾ ਹੀ ਉਹ ਕੋਈ ਵਰਣ ਆਸ਼ਰਮ ਵਰਗੇ ਧਰਮ ਨੂੰ ਕੋਈ ਮਾਨਤਾ ਦਿੰਦੇ ਹਨ। ਸਗੋਂ ਉਹਨਾਂ ਦਾ ਭਗਤੀ ਸਿਧਾਂਤ ਸੰਤ ਕਬੀਰ ਦੇ ਨਿਆਈ ਪਰੰਪਰਾਗਤ ਭਗਤੀ ਭਾਵਨਾਵਾਂ ਦਾ ਆਤਮਸਾਤ ਕਰਦੇ ਹੋਏ ਯੁੱਗਪ੍ਰਸਤ ਆਪਣੀਆਂ ਮੌਲਿਕ ਵਿਸ਼ੇਸ਼ਤਾਈਆਂ ਸਹਿਤ ਸਾਹਿਤਕ ਤੌਰ 'ਤੇ ਉਪਲੱਬਧ ਹੈ।

ਵਾਸਤਵ ਵਿੱਚ ਭਗਤੀ ਦਾ ਸਾਧਾਰਣ ਅਰਥ 'ਪ੍ਰੇਮ' ਹੈ ਇਹੀ 'ਭਾਉ' ਸੰਸਕ੍ਰਿਤ ਦੇ ਭਾਵ ਸ਼ਬਦ ਦਾ ਤਦਭਵ ਰੂਪ ਹੈ 'ਭਾਵ ਭਗਤੀ' ਹਿਰਦੈ ਤੋਂ ਪ੍ਰਸੁਤ ਹੁੰਦੀ ਹੈ।[4] ਕਿਉਂਕਿ ਸਭ ਤਰ੍ਹਾਂ ਦੇ ਕਰਮਕਾਂਡ ਅਹੰਕਾਰ ਦੇ ਜਨਕ ਹਨ। ਗੁਰੂ ਨਾਨਕ ਦੇ ਅਨੁਸਾਰ ਭਾਵ ਭਗਤੀ ਦੇ ਦੁਆਰਾ ਹੀ ਭਵਸਾਗਰ ਤੋਂ ਪਾਰ ਹੋਇਆ ਜਾ ਸਕਦਾ ਹੈ। ਮਨੋ-ਦੁਵਿਧਾ ਕਾਰਨ ਹੀ ਸਥਿਰਤਾ ਭੰਗ ਹੁੰਦੀ ਹੈ ਤੇ ਭਗਤੀ ਇਸ ਵਿਆਪਤੀ ਤੋਂ ਛੁਟਕਾਰਾ ਦਿਵਾ ਸਕਦੀ ਹੈ। ਗੁਰਬਾਣੀ ਦਾ ਬਚਨ ਹੈ:

ਨਾਨਕ ਭਾਇ ਭਗਤਿ ਨਿਸਤਾਰਾ
ਦੁਬਿਧਾ ਵਿਆਪੈ ਦੂਜਾ।[5]

ਭਾਵ ਹੀ ਜਿਗਿਆਸਾ ਦਾ ਅਸਲ ਭੋਜਨ ਹੈ ਜੋ ਕੋਈ ਵਿਰਲਾ ਹੀ ਪ੍ਰਾਪਤ ਕਰਦਾ ਹੈ। ਇਸ ਤਰ੍ਹਾਂ ਦੀ ਭਗਤੀ ਵਿੱਚ ਵਿਧੀ-ਵਿਧਾਨ ਦਾ ਕੋਈ ਸਥਾਨ ਨਹੀਂ ਇਹ ਪ੍ਰਭੂ-ਪੱਧਤ ਹੁੰਦੀ ਹੈ।

ਭਾਉ ਭੋਜਨੁ ਨਾਨਕਾ ਵਿਰਲਾ ਤ ਕੋਈ ਕੋਇ [6]
ਨਾਨਕ ਸਚੇ ਨਾਮ ਬਿਨੁ ਕਿਆ ਟਿਕਾ ਕਿਆ ਤਗੁ।[7]

ਗੁਰੂ ਨਾਨਕ ਦੇਵ ਜੀ ਦੀ ਪ੍ਰਸਿੱਧ ਰਚਨਾ 'ਆਸਾ ਦੀ ਵਾਰ' ਵਿੱਚ ਗੁਰੂ ਜੀ ਨੇ ਯੱਗ-ਪੂਜਾ ਦਾ ਖੰਡਨ ਕਰਦੇ ਹੋਏ ਭਗਤੀ ਭਾਵਨਾ ਨੂੰ ਹੀ ਸਰਵਉੱਚ ਮਨ ਕੇ ਧਾਰਨ ਕਰਨ ਦੀ ਪ੍ਰੇਰਨਾ ਦਿੱਤੀ। ਵਾਸਤਵ

ਵਿੱਚ ਪਰਮਾਤਮਾ ਦੀ ਅਰਾਧਨਾ ਹੀ ਸੱਚੀ ਯੱਗ ਪਵਿੱਤਰਤਾ ਹੈ ਇਹ ਪਵਿੱਤਰ ਜਨੇਊ ਕਦੇ ਨਹੀਂ ਟੁੱਟਦਾ, ਇਸ ਦੇ ਧਾਰਣ ਕਰਨ ਨਾਲ ਪਰਮਾਤਮਾ ਦੀ ਦਰਗਾਹ ਵਿੱਚ ਮਾਣ ਪ੍ਰਾਪਤ ਹੁੰਦਾ ਹੈ। ਗੁਰੂ ਜੀ ਅਨੁਸਾਰ

ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ
ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ
ਨ ਏਹੁ ਤੁਟੈ ਨ ਮਲੁ ਲਗੈ ਨ ਏਹੁ ਜਲੈ ਨਾ ਜਾਇ
ਧੰਨੁ ਸੁ ਮਾਣਸ ਨਾਨਕਾ ਜੋ ਗਲਿ ਚਲੇ ਪਾਇ।[8]

ਗੁਰੂ ਨਾਨਕ ਬਾਣੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਧਿਐਨ ਤੋਂ ਪਤਾ ਲੱਗਦਾ ਹੈ ਕਿ ਸਿੱਖ ਗੁਰੂ ਸਾਹਿਬਾਨਾਂ ਦੁਆਰਾ ਪ੍ਰਤੀਪਾਦਿਤ ਭਾਵ ਭਗਤੀ ਦੇ ਤਿੰਨ ਜ਼ਰੂਰੀ ਸਾਧਨ ਸਾਹਮਣੇ ਆਉਂਦੇ ਹਨ: ਮਾਨਵ ਸਰੀਰ ਜਾਂ ਮਨੁੱਖੀ ਜਨਮ, ਅਧਿਆਤਮਕ ਆਸਥਾ ਅਤੇ ਪਰਮਾਤਮ ਪ੍ਰੇਮ। 'ਗੁਰੂ ਨਾਨਕ ਮਾਨਵ ਜਨਮ ਨੂੰ ਦੁਰਲਭ ਮੰਨਦੇ ਹੋਏ ਇਹ ਤੱਥ ਰੱਖਦੇ ਹਨ ਕਿ ਜੇ ਪਰਮਾਤਮਾ ਨੂੰ ਪਾਉਣ ਦਾ ਕੋਈ ਸਾਧਨ ਹੈ ਤਾਂ ਉਹ ਇਹੀ ਹੈ। ਇਸ ਮਾਣਕ ਹੀਰੇ ਵਰਗੇ ਮਨੁੱਖੀ ਜਨਮ ਨੂੰ ਵਿਅਰਥ ਨਹੀਂ ਕਰਨਾ ਚਾਹੀਦਾ।[9] ਗੁਰੂ ਨਾਨਕ ਦੇਵ ਜੀ ਅਨੁਸਾਰ ਇਹ ਸਰੀਰ ਹਰਿਮੰਦਰ ਹੈ ਅਤੇ ਪਰਮਾਤਮਾ ਨੇ ਆਪਣੇ ਬੈਠਣ ਲਈ ਇਹੀ ਸਿੰਘਾਸਨ ਬਣਾਇਆ। ਗੁਰਬਾਣੀ ਵਿੱਚ ਦਰਜ ਹੈ:

ਕਾਇਆ ਮਹਲੁ ਮੰਦਰੁ ਘਰੁ
ਹਰਿ ਕਾ ਤਿਸੁ ਮਹਿ ਰਾਖੀ ਜੋਤਿ ਅਪਾਰ।[10]
ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ।[11]

ਗੁਰੂ ਨਾਨਕ ਦੇਵ ਜੀ ਦੀ ਪ੍ਰੇਮ-ਭਗਤੀ ਭਾਰਤੀ ਪ੍ਰੇਮ ਭਾਵਨਾ ਦੇ ਬਿੰਬ ਦੇ ਸੰਦਰਭ ਵਿੱਚ ਰਹੱਸਵਾਦੀ ਸਾਧਨਾਂ ਨਾਲ ਮੇਲ ਖਾਂਦੀ ਹੈ। ਗੁਰੂ ਜੀ ਨੇ ਇਸ ਤਰ੍ਹਾਂ ਦੇ ਪ੍ਰੇਮ ਨੂੰ ਕਈ ਭਾਵਾਂ ਦੇ ਮਾਧਿਅਮ ਨਾਲ ਅਭਿਵਿਅਕਤ ਕੀਤਾ ਹੈ ਜਿਵੇਂ ਕਾਂਤਾਂ ਭਾਵ, ਸੁਆਮੀ ਭਾਵ, ਸੇਵਕ ਭਾਵ, ਵਾਤਸਲਿਆ ਭਾਵ, ਮਿੱਤਰਤਾਈ ਭਾਵ। ਗੁਰੂ ਨਾਨਕ ਦੇਵ ਜੀ ਦਾ ਪਰਮਾਤਮਾ ਨਾਲ ਮੁਖ ਸੰਬੰਧ ਪਤੀ-ਪਤਨੀ ਵਾਲਾ ਹੈ ਅਤੇ ਆਪਣੀ ਬਾਣੀ ਵਿੱਚ ਉਨਾਂ ਨੇ ਇਸਤਰੀ ਰੂਪ ਵਿੱਚ ਹੀ ਭਗਤੀ ਭਾਵਨਾ ਨੂੰ ਪ੍ਰਸਤੁਤ ਕੀਤਾ ਜਿਸ ਤਰ੍ਹਾਂ ਆਪ ਨੇ ਬਚਨ ਕੀਤਾ ਹੈ

ਅਪੁਨੇ ਠਾਕੁਰ ਕੀ ਹਉ ਚੇਰੀ
ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥ਰਹਾਉ॥
ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ
ਮੋਹਨ ਮੋਹਿ ਲੀਆ ਮਨੁ ਮੇਰਾ ਸਮਝਸਿ ਸਬਦੁ ਬੀਚਾਰੇ।12

ਗੁਰੂ ਨਾਨਕ ਦੇਵ ਜੀ ਨੇ ਭਗਤੀ ਭਾਵ ਦੇ ਆਵਸ਼ਕ ਸਾਧਨ ਗੁਰੂ, ਪਰਮਾਤਮਾ ਜਾਂ ਗੁਰੂ ਦੀ ਕ੍ਰਿਪਾ, ਨਾਮ-ਸਾਧਨਾ ਪਰਮਾਤਮਾ ਦਾ ਭੈਅ ਤੇ ਭਾਓ, ਸਤਿਸੰਗ, ਸੁਣਨਾ, ਕੀਰਤਨ ਅਤੇ ਮਨਨ ਜਾਂ ਮੰਨਣਾ ਨੂੰ ਮੰਨਿਆ ਇਥੋਂ ਤੱਕ ਕਿ ਦੀਨਤਾ ਅਤੇ ਆਤਮ ਸਮਰਪਣ ਦੇ ਭਾਵ ਨੂੰ ਭਗਤੀ ਮੰਨਿਆ। ਪਰਮਾਤਮਾ ਦੀ ਰਜ਼ਾ, ਭਾਵਾਂ ਅਤੇ ਹੁਕਮ ਮੰਨਣ ਨੂੰ ਵੀ ਭਗਤੀ ਮਾਰਗ ਦੱਸਿਆ। ਗੁਰੂ ਨਾਨਕ ਦੇਵ ਜੀ ਦੁਆਰਾ ਦਰਸਾਏ ਭਗਤੀ ਮਾਰਗ ਵਿੱਚ ਜਾਤੀ-ਭੇਦਭਾਵ ਦਾ ਅਭਾਵ ਹੈ, ਨਾਰੀ ਨਿੰਦਾ ਨਹੀਂ ਹੈ ਸਗੋਂ ਸੇਵਾ ਦੀ ਭਾਵਨਾ ਅਤੇ ਸਦਬਿਰਤੀਆਂ ਦੀ ਪਾਲਣਾ ਨੂੰ ਹੀ ਭਗਤੀ ਮੰਨਿਆ ਗਿਆ ਹੈ ਫਿਰ ਗੁਰੂ ਨਾਨਕ ਦੇਵ ਜੀ ਨੇ ਭਗਤੀ ਫਲ ਦੀ ਵੀ ਬਾਤ ਪਾਈ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਅਤੇ ਅਨੁਭਵ ਭਗਤੀ ਦਾ ਫਲ ਹੈ। ਜੀਵਨ-ਮੁਕਤੀ ਇਸ ਦੀ ਜੁਗਤੀ ਹੈ। ਕਈ ਥਾਵਾਂ ਉੱਤੇ ਤਾਂ ਸੰਸਾਰਿਕ ਪਦਵੀ ਤੇ ਸਰਵਉੱਚਤਾ ਦੀ ਪ੍ਰਾਪਤੀ ਵੀ ਦਰਸਾਈ ਗਈ ਹੈ ਕਿ ਜਿਹੜੇ ਮਨੁੱਖ ਅੰਮ੍ਰਿਤ ਵੇਲੇ ਉਠ ਕੇ ਨਾਮ ਸਿਮਰਨ ਕਰਦੇ ਹਨ ਉਹਨਾਂ ਨੂੰ ਸਭ ਕੁਝ ਅੱਗੇ ਹੋ ਕੇ ਮਿਲਦਾ ਹੈ। ਇਥੋਂ ਤੱਕ ਕੇ ਦੁਖ, ਰੋਗ ਸੰਤਾਪ ਤੋਂ ਮੁਕਤੀ ਮਿਲਦੀ ਹੈ ਅਤੇ ਕਾਲ ਦਾ ਡਰ ਵੀ ਨਹੀਂ ਬਿਆਪਦਾ। ਗੁਰੂ ਨਾਨਕ ਦੀ ਭਗਤੀ ਵਿੱਚ ਮਨੁੱਖ ਦਾ ਸਰੂਪ ਗੁਰਮੁਖ ਅਤੇ ਪਰਮਾਤਮ ਰੂਪ ਹੀ

ਦਰਸਾਇਆ ਗਿਆ ਹੈ ਇਥੋਂ ਤੱਕ ਭਗਤੀ ਤੋਂ ਬੇਮੁਖ ਵਿਅਕਤੀ ਨੂੰ ਮਨਮੁਖ ਕਿਹਾ ਗਿਆ ਹੈ। ਗੁਰੂ ਨਾਨਕ ਦਾ ਆਦਰਸ਼ ਮਨੁੱਖ ਭਗਤ ਹੈ ਅਤੇ ਨਾਮ ਰੰਗ ਦਾ ਲਾਲ ਜਲੌਅ ਉਹਨਾਂ ਦਾ ਸ਼ਿੰਗਾਰ ਹੁੰਦਾ ਹੈ। ਉਹਨਾਂ ਅਨੁਸਾਰ ਭਗਤ ਹੀ ਪਰਮਾਤਮਾ ਨੂੰ ਪਿਆਰੇ ਹੁੰਦੇ ਹਨ ਅਤੇ ਪਰਮਾਤਮਾ ਦਾ ਕੀਰਤਨ ਕਰਦੇ ਹੋਏ ਭਗਤ ਪਰਮਾਤਮਾ ਦੇ ਦਰ ਤੇ ਸੁਭਾਇਮਾਨ ਹੁੰਦੇ ਹਨ।

ਭਗਤ ਤੇਰੈ ਮਨਿ ਭਾਵਦੇ
ਦਰਿ ਸੋਹਨਿ ਕੀਰਤਿ ਗਾਵਦੇ [13]

ਗੁਰੂ ਨਾਨਕ ਦਾ ਭਗਤੀ ਸਿਧਾਂਤ ਧਰਮ ਅਤੇ ਭਗਤੀ ਦੀ ਸਿਖਰ ਹੈ। ਗੁਰਬਖਸ਼ ਸਿੰਘ ਪ੍ਰੀਤਲੜੀ ਇਸ ਦਾ ਆਧੁਨਿਕ ਪ੍ਰਸੰਗ ਵਿੱਚ ਬਖਿਆਨ ਕਰਦੇ ਹਨ ਕਿ ਗੁਰੂ ਨਾਨਕ ਦੀ ਭਗਤੀ ਆਤਮ-ਅਭਿਆਸ ਯੁਕਤ ਭਗਤੀ ਹੈ ਜੋ ਮਾਨਵਵਾਦੀ ਮੁੱਲਾਂ ਦੀ ਸਾਖੀ ਬਣ ਅਤੇ ਹਰੇਕ ਦੀ ਅੰਤਰ-ਵੇਦਨਾ ਬਣ ਧਰਮ ਦਾ ਰੂਪ ਧਾਰਣ ਕਰ ਸਕਦੀ ਹੈ।[14] ਗੁਰੂ ਨਾਨਕ ਦੇਵ ਜੀ ਦੀ ਭਗਤੀ ਦੀ ਸੰਪਨਤਾ ਲਈ ਸਾਧਨ ਅਤੇ ਕਰਮ ਨੂੰ ਹੀ ਬਿਆਨ ਕੀਤਾ ਜੋ ਕਿ ਗੁਰੂ ਰੂਪ ਸਾਧਨ ਅਤੇ ਕਰਮ, ਕਿਰਤ ਤੇ ਕੇਂਦਰਿਤ ਹੈ। ਇਹੀ ਭਗਤੀ ਭਾਵਨਾ ਦਾ ਅਭਿਆਸ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਦੁਆਰਾ ਪ੍ਰਦਾਨ ਕੀਤਾ ਗਿਆ ਗੁਰਮਤਿ ਸਾਹਿਤ ਭਗਤੀ ਦਾ ਅਮੋਲਕ ਖਜ਼ਾਨਾ ਹੈ।

## ਹਵਾਲੇ ਅਤੇ ਟਿੱਪਣੀਆਂ

1. ਪੰਜਾਬੀ ਦੁਨੀਆ, ਭਗਤੀ ਅੰਕ, ਪੰਨਾ 12-13
2. ਡਾ. ਉਦੈਭਾਨ ਸਿੰਘ, ਤੁਲਸੀ ਦਰਸ਼ਨ ਮੀਮਾਂਸਾ, ਪੰਨਾ 259-60
3. ਸ੍ਰੀਮਦ ਭਗਵਤ ਪੁਰਾਨ, ਅਮਰਕੋਸ਼, ਪੰਨਾ 35
4. ਭਗਤੀ ਦਾ ਵਿਕਾਸ, ਪੰਨਾ 472
5. ਆਦਿ ਗ੍ਰੰਥ, ਪੰਨਾ 75
6. ਉਹੀ, ਪੰਨਾ 1245
7. ਉਹੀ, ਪੰਨਾ 467
8. ਉਹੀ, ਪੰਨਾ 471
9. ਡਾ. ਰਤਨ ਸਿੰਘ ਜੱਗੀ, ਗੁਰੂ ਨਾਨਕ ਵਿਅਕਤੀਤਵ, ਕਰਤਿਤਵ ਅਤੇ ਚਿੰਤਨ, ਪੰਨਾ 545
10. ਆਦਿ ਗ੍ਰੰਥ, ਪੰਨਾ 1255
11. ਉਹੀ, ਪੰਨਾ 1038
12. ਉਹੀ, ਪੰਨਾ 1197
13. ਉਹੀ, ਪੰਨਾ 467
14. ਗੁਰਬਖਸ਼ ਸਿੰਘ ਪ੍ਰੀਤਲੜੀ, ਪ੍ਰੀਤਲੜੀ ਦੇ ਪ੍ਰਤਿਨਿੱਧ ਲੇਖ ਗੁਰੂ ਨਾਨਕ ਦੇਵ ਜੀ ਪੰਨਾ 145